ਨਾਨ-ਟੀਚਿੰਗ ਤੋਂ ਮਾਸਟਰ ਕਾਡਰ ਦੀਆਂ ਪਦ-ਉੱਨਤੀਆਂ ਸਬੰਧੀ।

(ਈ.ਮੇਲ ਆਈ.ਡੀ. dsese.promotion@punjabeducation.gov.in)

ਪਬਲਿਕ ਨੋਟਿਸ

ਮਿਤੀ 27.12.2023 ਦੇ ਪਬਲਿਕ ਨੋਟਿਸ ਦੀ ਲਗਾਤਾਰਤਾ ਵਿੱਚ-

1. ਮਿਤੀ 02.01.2024 ਤੋਂ 05.01.2024 ਤੱਕ ਹਿੰਦੀ, ਮਿਊਜ਼ਕ, ਸੰਸਕ੍ਰਿਤ, ਅੰਗਰੇਜੀ, ਫਿਜੀਕਲ ਮਾਸਟਰ, ਸਾਇੰਸ ਅਤੇ ਮੈਥ ਵਿਸ਼ਿਆਂ ਲਈ ਨਾਨ-ਟੀਚਿੰਗ ਅਮਲੇ ਦੇ ਕਰਮਚਾਰੀਆਂ ਦੇ ਮਾਸਟਰ ਕਾਡਰ ਵਿੱਚ ਪਦ-ਉੱਨਤੀਆਂ ਲਈ ਕੇਸ ਪ੍ਰਾਪਤ ਕੀਤੇ ਗਏ ਅਤੇ ਸਬੰਧਤ ਵਿਸ਼ਿਆਂ ਦੀਆਂ ਇੰਟਰਸੇ ਸੀਨੀਆਰਤਾ ਸੂਚੀਆਂ ਵਿੱਚ ਲੋੜੀਂਦੀ ਸੋਧ ਕਰ ਦਿੱਤੀ ਗਈ।
2. ਉਕਤ ਅਨੁਸਾਰ ਪ੍ਰਾਪਤ ਕੇਸਾਂ ਵਿੱਚੋਂ ਕੁਝ ਕੇਸਾਂ ਵਿੱਚ ਦਸਤਾਵੇਜਾਂ ਦੀ ਘਾਟ ਅਤੇ ਹੋਰ ਤਰੁੱਟੀਆਂ ਪਾਈਆਂ ਗਈਆਂ ਸਨ, ਜੋ ਕਿ ਮੌਕੇ ਤੇ ਸਬੰਧਤ ਕਰਮਚਾਰੀਆਂ ਨੂੰ ਨੋਟ ਕਰਵਾ ਦਿੱਤੀਆਂ ਗਈਆਂ ਸਨ। ਇਹ ਤਰੁੱਟੀਆਂ ਦੂਰ ਕਰਨ ਲਈ ਸਮੂਹ ਕਰਮਚਾਰੀਆਂ ਨੂੰ ਇੱਕ ਹੋਰ ਮੌਕਾ ਦਿੱਤਾ ਜਾਂਦਾ ਹੈ।
   - (i) ਮਿਤੀ 02.01.2024 ਤੋਂ 05.01.2024 ਨੂੰ ਹਾਜਰ ਕਰਮਚਾਰੀਆਂ ਵਿਚੋਂ ਜਿੰਨਾਂ ਕਰਮਚਾਰੀਆਂ ਦੇ ਕੇਸ ਮੁਕੰਮਲ ਕਰਵਾਉਣ ਤੋਂ ਰਹਿੰਦੇ ਹਨ, ਉਹ ਆਪਣੇ ਕੇਸ ਮਿਤੀ 20.01.2024, ਦਿਨ ਸ਼ਨਿੱਚਰਵਾਰ ਨੂੰ, ਦਫ਼ਤਰ ਸਹਾਇਕ ਡਾਇਰੈਕਟਰ (ਪ੍ਰਮੋਸ਼ਨ ਸੈੱਲ), ਚੋਥੀ ਮੰਜਿਲ, ਈ-ਬਲਾਕ, ਪੰ.ਸ.ਸਿੱ.ਬੋਰਡ ਕੰਪਲੈਕਸ ਵਿਖੇ ਸਵੇਰੇ 10.00 ਵਜੇ ਤੋਂ ਬਾਅਦ ਦੁਪਿਹਰ 4.00 ਵਜੇ ਤੱਕ ਕੇਸ ਮੁਕੰਮਲ ਕਰਵਾ ਸਕਦੇ ਹਨ।
   - (ii) ਕਈ ਕਰਮਚਾਰੀਆਂ ਵੱਲੋਂ ਪਹਿਲਾਂ ਹੀ ਸਬੰਧਤ ਸ਼ਾਖਾ ਵਿਖੇ ਆਪਣੇ ਦਸਤਾਵੇਜ ਜਮਾਂ ਕਰਵਾ ਕੇ ਕੇਸ ਮੁਕੰਮਲ ਕਰ ਦਿੱਤੇ ਹਨ, ਉਨਾਂ ਨੂੰ ਆਉਣ ਦੀ ਲੋੜ ਨਹੀਂ ਹੈ।
   - (iii) ਮਿਤੀ 02.01.2024 ਤੋਂ 05.01.2024 ਤੱਕ ਹਿੰਦੀ, ਮਿਊਜ਼ਕ, ਸੰਸਕ੍ਰਿਤ, ਅੰਗਰੇਜੀ, ਫਿਜੀਕਲ ਮਾਸਟਰ, ਸਾਇੰਸ ਅਤੇ ਮੈਥ ਵਿਸ਼ਿਆਂ ਦੇ ਉਹ ਯੋਗ ਕਰਮਚਾਰੀ ਜੋ ਟੈੱਟ ਪਾਸ ਹਨ ਅਤੇ ਵੈੱਬਸਾਈਟ ਤੇ ਅਪਲੋਡ ਇੰਟਰਸੇ ਸੀਨੀਆਰਤਾ ਵਿੱਚ ਨਾਮ ਨਾ ਹੋਣ ਕਾਰਨ ਹਾਜਰ ਨਹੀਂ ਹੋਏ, ਭਾਂਵੇ ਜੋ ਵੀ ਸੀਨੀਆਰਤਾ ਨੰਬਰ ਹੋਵੇ ਉਹ ਆਪਣਾ ਕੇਸ ਉਕਤ ਅਨੁਸਾਰ ਨਿਰਧਾਰਿਤ ਮਿਤੀ ਨੂੰ ਜਮਾਂ ਕਰਵਾ ਸਕਦੇ ਹਨ।
3. ਉਕਤ ਤੋਂ ਇਲਾਵਾ ਨਾਨ-ਟੀਚਿੰਗ ਅਮਲੇ ਵਿਚੋਂ ਮਾਸਟਰ ਕਾਡਰ ਦੇ ਐਸ.ਐਸ. ਅਤੇ ਪੰਜਾਬੀ ਵਿਸ਼ੇ ਵਿੱਚ ਪਦ-ਉੱਨਤੀ ਦੇ ਸਮੂਹ ਯੋਗ ਕਰਮਚਾਰੀ ਆਪਣੀ ਰੈਗੂਲਰ ਹਾਜਰੀ ਦੀ ਮਿਤੀ ਅਤੇ PSTET-2 ਪਾਸ ਦਾ ਸਰਟੀਫਿਕੇਟ (ਡੀ.ਡੀ.ਓ. ਤੋਂ ਤਸਦੀਕੀ ਕਾਪੀਆਂ) ਉਕਤ ਅਨੁਸਾਰ ਨਿਰਧਾਰਿਤ ਮਿਤੀ ਨੂੰ ਹਾਜਰ ਹੋ ਕੇ ਜਮਾਂ ਕਰਵਾਉਣਗੇ, ਤਾਂ ਜੋ ਉਨਾਂ ਦੀਆਂ ਪਦ-ਉੱਨਤੀਆਂ ਲਈ ਸਬੰਧਤ ਵਿਸ਼ੇ ਦਾ ਕੋਟਾ ਉਪਲਬੱਧ ਹੋਣ ਤੱਕ ਉਨਾਂ ਦੀ ਇੰਟਰਸੇ ਸੀਨੀਆਰਤਾ ਵਿੱਚ ਜੇਕਰ ਕੋਈ ਤਰੁੱਟੀ ਹੋਵੇ ਤਾਂ ਦੂਰ ਕਰ ਲਈ ਜਾਵੇ। ਪਦ-ਉੱਨਤੀ ਲਈ ਬਾਕੀ ਕੇਸ / ਦਸਤਾਵੇਜ ਕੋਟਾ ਉਪਲਬੱਧ ਹੋਣ ਤੇ ਮੰਗ ਲਏ ਜਾਣਗੇ।

ਨੋਟ-

(i) ਦੂਰ ਦੇ ਜਿਲਿਆਂ ਤੋਂ ਆਉਣ ਵਾਲੇ ਕਰਮਚਾਰੀਆਂ ਨੂੰ ਜਲਦ ਵਾਪਿਸ ਭੇਜਣ ਦੇ ਮੰਤਵ ਨਾਲ ਤਜਰੀਹ ਦਿੱਤੀ ਜਾਵੇਗੀ।

(ii) ਮਾਸਟਰ ਕਾਡਰ ਦੇ ਸਮਾਜਿਕ ਸਿੱਖਿਆ ਅਤੇ ਪੰਜਾਬੀ ਵਿਸ਼ੇ ਦਾ ਹਰੇਕ PSTET-2 ਪਾਸ ਯੋਗ ਕਰਮਚਾਰੀ ਆਪਣੇ ਉਕਤ ਅਨੁਸਾਰ (ਪੈਰਾ 3 ਵਿੱਚ) ਮੰਗੇ ਗਏ ਦਸਚਾਵੇਜ ਜਮਾਂ ਕਰਵਾਉਣਾ ਯਕੀਨੀ ਬਣਾਇਗਾ।

ਸਹਾਇਕ ਡਾਇਰੈਕਟਰ (ਪ੍ਰਮੋਸ਼ਨ)

ਦਫ਼ਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ।